# FORM G
# INVITATION FOR EXPRESSION OF INTEREST FOR M/S INDIAN YARN LIMITED OPERATING IN MANUFACTURING OF YARN AT LUDHIANA (PUNJAB)

(Under sub-regulation (1) of regulation 36A of the Insolvency and Bankruptcy Board of India (Insolvency Resolution Process for Corporate Persons) Regulations, 2016)

| SL. | RELEVANT PARTICULARS | |
|---|---|---|
| 1. | Name of the Corporate Debtor along with PAN & CIN/ LLP No. | **M/s. Indian Yarn Limited**<br>**PAN No.: AAACI7110E**<br>**CIN: U17111PB1991PLC023217** |
| 2. | Address of the registered office | Village Himanyunpur, 14 Km, Lalru Handesra Road, Post office Lalru, Distt. SAS Nagar, Mohali-140501 |
| 3. | URL of website | NA |
| 4. | Details of place where majority of fixed assets are located | No physical assets as on Insolvency Commencement Date are reported. |
| 5. | Installed capacity of main products/ services | NA |
| 6. | Quantity and value of main products/ services sold in last financial year | The turnover of the company as on 31.03.2025 from operations was **NIL.** |
| 7. | Number of employees/ workmen | As per information received from Suspended Board, there are no employees on rolls of the company |
| 8. | Further details including last available financial statements (with schedules) of two years, lists of creditors are available at URL: | Details can be sought by emailing at cirp.indianyarn@gmail.com |
| 9. | Eligibility for resolution applicants under section 25(2)(h) of the Code is available at URL: | Details can be sought by emailing at cirp.indianyarn@gmail.com |
| 10. | Last date for receipt of expression of interest | 30.09.2025 |
| 11. | Date of issue of provisional list of prospective resolution applicants | 10.10.2025 |
| 12. | Last date for submission of objections to provisional list | 15.10.2025 |
| 13. | Date of issue of final list of prospective resolution applicants | 25.10.2025 |
| 14. | Date of issue of information memorandum, evaluation matrix and request for resolution plans to prospective resolution applicants | 30.10.2025 |
| 15. | Last date for submission of resolution plans | 29.11.2025 |
| 16. | Process email id to submit Expression of Interest | cirp.indianyarn@gmail.com |
| 17. | Details of the corporate debtor's registration status as MSME | The CD is registered with Ministry of Micro, Small and Medium Enterprises (Udyam Registration No. **UDYAM-PB-20-0000381**) |

IP Regn. No. IBBI/IPA-001/IP-P02323/2020-21/13513 SUMIT SHARMA Insolvency Professional

**Sumit Sharma**
**Resolution Professional,**
**INDIAN YARN LIMITED**
IP Registration Number: IBBI/IPA-001/IP-P-02323 /2020-2021/13513
(Authorization for Assignment valid till: 31/12/2026)
Regd. Add.: - C-3/69 A, Keshav Puram, North West, Delhi-110035;
Regd. email Id: mail@sumitsharma.in
Correspondence Address: 109 (First Floor), Surya Kiran Building, 19, Kasturba Gandhi Marg, New Delhi-110001
Email: cirp.indianyarn@gmail.com

**Date: 15.09.2025**
**Place: New Delhi**

# Hry emerging as 'drug corridor' for inter-state traffickers; over 4K held

## Smugglers from bordering states most active | Drug consumption on the rise: Data

PARVEEN ARORA
TRIBUNE NEWS SERVICE

KARNAL, SEPTEMBER 14

Haryana is receiving narcotics smuggled from neighbouring as well as far away states. From poppy fields of Madhya Pradesh, Rajasthan, Jharkhand and Bihar to the *charas* (hashish) of Himachal Pradesh, Uttarakhand, Uttar Pradesh, Bihar and Jammu & Kashmir; from *ganja* (marijuana) farms of Odisha, Jharkhand, Bihar, Chhattisgarh and Andhra Pradesh to pharmaceutical hubs of Himachal's Baddi, Uttarakhand, Delhi, and Punjab — drugs are flowing steadily into the state.

A data of the Haryana State Narcotics Control Bureau (HSNCB) reveals Haryana is emerging as a consumption hub of drugs from several states. A senior police official said Haryana's location bordering Punjab, Delhi, Rajasthan, UP and Himachal Pradesh makes it a corridor for traffickers for supply chains from nearly every direction. Sirsa, Fatehabad, Dabwali, Ambala, Hisar, Panipat, Yamunanagar, Jind, Kaithal, Panchkula, and Kuruksherta have emerged as heroin hotspots. UP's Saharanpur, Bareilly, Aligarh, and even West Bengal's Nadiaya have fed the supply lines, the data states.



FILE

**DISMANTLING SUPPLY CHAINS**

"We have been monitoring the routes of drug peddlers. The HSNCB's policy is zero tolerance to drugs. We not only seize narcotics, but also dismantle the source and destination of trafficking. We are breaking the inter-state networks of drug peddlers and destroying the supply chains across the state. **OP Singh,** Director General, HSNCB

The HSNCB data further reveals that the ganja belt stretches across Gurugram, Faridabad, Palwal, Jhajjar, Rewari, Karnal, Jind and Bhiwani. Ambala, Panchkula, Kaithal, Panipat, Sonepat, Rohtak, Jind, Hisar, and Yamunanagar are emerging as the hub of charas. Similarly, Sirsa, Fatehabad, Hisar, Dabwali, Kurukshetra, Karnal and Kaithal form the opium hotspot cluster. The abuse of pharmaceutical drugs — tablets, injections, syrups and capsules — spreads across Yamunanagar, Karnal, Panipat, Rohtak, Panchkula, Ambala, Nuh and Kurukshetra. The Sirsa-Fatehabad-Hisar belt dominates poppy straw trade, with Kurukshetra, Karnal, and Kaithal close behind. Gurugram, Faridabad, Dabwali and Panchkula have also become centres for high-profile synthetic drug abuse, with MDMA, LSD and cocaine trafficked via Delhi, Kolkata, and Uttar Pradesh.

The HSNCB registered 188 FIRs, including 50 commercial quantity (CQ) cases, and arrested 341 people from January to August this year. Between 2020 and August this year, 1,620 FIRs led to 2,823 arrests, with 244 commercial, 981 intermediate and 295 small quantity cases. This year alone, 2,462 NDPS cases have been registered across Haryana, leading to 4,162 arrests and 307 CQ seizures. HSNCB's share of statewide seizures between January and August 2025 was significant: pharmaceuticals (16.66 per cent), opium (13.82 per cent), poppy straw (13.11 per cent), and charas (9.94 per cent).

OP Singh, Director General, HSNCB, said they had been monitoring the routes and breaking the supply chain of drug peddlers. "The HSNCB's policy is zero tolerance to drugs. We not only seize narcotics, but also dismantle the source and destination of trafficking. We are breaking the inter-state networks of the drug peddlers to curb drug trafficking in the state," he said.

Singh claimed that a comprehensive campaign of the Haryana Police proved that if law enforcement and social awareness were combined, any major social crisis could be eradicated from the roots. The rising number of drug-free villages and wards, increasing conviction rates, property seizures worth crores, and preventive detention orders were proof that Haryana was leading the way in realising the dream of a drug-free India. This efforts would serve not only Haryana but the entire nation as an inspiration and a milestone in the fight against narcotics.



Sirsa Member of Parliament Kumari Selja with protesters in Rewari on Sunday. TRIBUNE PHOTO

# Selja supports protest over 200-bed hospital in Rewari

RAVINDER SAINI
TRIBUNE NEWS SERVICE

REWARI, SEPTEMBER 14

The indefinite dharna staged by residents of Ramgarh-Bhagwanpur villages for the past 90 days gained momentum on Sunday when Sirsa MP and senior Congress leader Kumari Selja, accompanied by former Rewari MLA Chiranjeev Rao, visited the protest site to express solidarity with the villagers.

The protesters have been demanding that the proposed 200-bed hospital be set up in their village, which they claim is the most suitable location for the project. The state government has yet to finalise the site.

Selja urged the government to "open its eyes and ears" and work towards an amicable solution. She accused the BJP government of neglecting the interests of every section of society, adding that farmers are on the warpath due to their worsening conditions, yet the government continues to turn a blind eye to their grievances.

Anil Kumar, coordinator of the Hospital Banao Sangharsh Samiti, said the dharna would continue until their demand is fulfilled. "We have already given our land to the state government for a development project, with the understanding that the hospital would be set up here in return," he added.

Health Minister Arti Singh Rao said administrative approval had been granted for the construction of 29 sub-health centres and one block public health unit in Rewari district.

# Strengthen embankments along Yamuna, MP Jindal tells officials

TRIBUNE NEWS SERVICE

YAMUNANAGAR, SEPTEMBER 14

Kurukshetra Lok Sabha MP Naveen Jindal today visited Tapu Kamal Pur village in Yamunanagar district and inspected the land erosion near the banks of Yamuna.

He directed officials to strengthen the river embankments, so that land erosion could be stopped. He assured the flood-hit villagers who suffered losses of special help from the government.

"The central and state governments are fully committed to the welfare of the people and providing timely relief to the families affected by heavy rain," said MP Naveen Jindal, stressing that "it is the government's responsibility to provide financial help to farmers in the times of crisis".

He promised the farmers that every kind of facility would be provided by the administration. "No affected citizen will be deprived of relief. The Chief Minister has fixed the standards of loss and announced that the affected farmers will get compensation for the damaged crops and houses," said Jindal. He directed the Irrigation Department officials to permanently strengthen the embankments of the Yamuna river. He listened to the problems of the villagers on the spot and assured them of resolving them.



Kurukshetra MP Naveen Jindal inspects the embankments of the Yamuna at Tapu Kamal Pur village in Yamunanagar on Sunday.

# Resume process to shift industrial area along Tangri: Vij to Ambala DC

AMBALA, SEPTEMBER 14

Following industrialists' requests to relocate due to repeated losses caused at the industrial area in Ambala Cantonment by the Tangri river, Cabinet Minister Anil Vij has directed the district administration to resume the process of acquiring 2,600 acres of land adjacent to the Saha Growth Centre.

The overflowing Tangri in Ambala Cantonment recently left the industrial area in Ambala Cantonment severely waterlogged, causing losses to the industrial unit owners. Vij said a process was initiated a couple of years back to acquire the land, but due to back to back elections, the process was stopped.

Vij, who reached the war room established at the Industrial Area, said the government was taking concrete steps to boost industrial development in Ambala Cantonment. As part of this initiative, the process of acquiring nearly 2,600 acres of land adjacent to the Saha Growth Centre will soon be resumed."

The minister said a new industrial area and logistic park would be developed on this proposed land. Alongside, the Railways is also progressing with plans to establish a freight terminal nearby.

The development of the industrial area, Logistic Park, and Freight Terminal in close proximity will not only provide comprehensive facilities to industries but also strengthen the regional industrial infrastructure, generating thousands of direct and indirect employment opportunities.

Vij, while interacting with the industrialists, directed the Deputy Commissioner Ambala to immediately restart the acquisition process for the 2,600 acres of land. He said the process would now be expedited as several farmers had expressed willingness to provide their land to the government and had already applied through the e-Bhoomi portal in the past.

As the industrialists expressed desire to relocate to Saha to set up their industries, Vij said the government was working in the best interests of the industry and would provide full support.

During his visit, the Minister also interacted with sanitation workers and praised them for their efforts. — TNS



Cabinet Minister Anil Vij during a visit to the industrial area in Ambala.

# Women & kids' safety campaign intensified

TRIBUNE NEWS SERVICE

CHANDIGARH, SEPTEMBER 14

Haryana Additional Chief Secretary, Home Department, Sumita Misra, has called for intensified efforts across all departments and field offices to raise awareness about key women and child welfare schemes implemented by the Union Ministry of Home Affairs and the Ministry of Women and Child Development.

As part of the drive, the state government is vigorously promoting the Bal Vivah Mukt Bharat campaign to eliminate child marriage. Portals have been operationalised for complaint registration and monitoring, making reporting easier and more transparent. At workplaces, the Sexual Harassment Electronic Box (SHe-Box) portal (https://shebox.wcd.gov.in/) offers a confidential channel for women to lodge complaints.

The initiatives are critical for ensuring the safety, security, and empowerment of women and children across the state. Misra instructed that officers at both district and state levels must actively highlight the programmes through awareness campaigns, community outreach, seminars, and public events to maximise visibility and impact.



Focus on elimination of child marriage

To strengthen implementation, the government has appointed District Protection Officers (DPOs) in 33 Mahila Thanas across Haryana, with each district having a DPO.

Central to the campaign are the One-Stop Centres (OSCs), which provide integrated services for women facing violence or distress. From medical aid and legal assistance to temporary shelter and psychosocial counselling, OSCs offer comprehensive support under one roof. Complementing these are the Women Helpline (181) and Child Helpline (1098), now linked to the national Emergency Response Support System (ERSS-112).

FORM G
INVITATION FOR EXPRESSION OF INTEREST FOR
**M/S INDIAN YARN LIMITED**
OPERATING IN MANUFACTURING OF YARN AT LUDHIANA (PUNJAB)
(Under sub-regulation (1) of regulation 36A of the Insolvency and Bankruptcy Board of India (Insolvency Resolution Process for Corporate Persons) Regulations, 2016)

**RELEVANT PARTICULARS**

| | | |
|---|---|---|
| 1. | Name of the Corporate Debtor along with PAN & CIN/ LLP No. | **M/s. Indian Yarn Limited**<br>**PAN No.: AAACI7110E**<br>**CIN: U17111PB1991PLC023217** |
| 2. | Address of the registered office | Village Himanyunpur, 14 Km, Lalru Handesra Road, Post office Lalru, Distt. SAS Nagar, Mohali-140501 |
| 3. | URL of website | NA |
| 4. | Details of place where majority of fixed assets are located | No physical assets as on Insolvency Commencement Date are reported. |
| 5. | Installed capacity of main products/ services | NA |
| 6. | Quantity and value of main products/ services sold in last financial year | The turnover of the company as on 31.03.2025 from operations was **NIL.** |
| 7. | Number of employees/ workmen | As per information received from Suspended Board, there are no employees on rolls of the company |
| 8. | Further details including last available financial statements (with schedules) of two years, lists of creditors are available at URL: | Details can be sought by emailing at cirp.indianyarn@gmail.com |
| 9. | Eligibility for resolution applicants under section 25(2)(h) of the Code is available at URL: | Details can be sought by emailing at cirp.indianyarn@gmail.com |
| 10. | Last date for receipt of expression of interest | 30.09.2025 |
| 11. | Date of issue of provisional list of prospective resolution applicants | 10.10.2025 |
| 12. | Last date for submission of objections to provisional list | 15.10.2025 |
| 13. | Date of issue of final list of prospective resolution applicants | 25.10.2025 |
| 14. | Date of issue of information memorandum, evaluation matrix and request for resolution plans to prospective resolution applicants | 30.10.2025 |
| 15. | Last date for submission of resolution plans | 29.11.2025 |
| 16. | Process email id to submit Expression of Interest | cirp.indianyarn@gmail.com |
| 17. | Details of the corporate debtor's registration status as MSME | The CD is registered with Ministry of Micro, Small and Medium Enterprises (Udyam Registration No. **UDYAM-PB-20-0000381**) |

**Sd/-**
**Sumit Sharma**
**Resolution Professional,**
**INDIAN YARN LIMITED**
**IP Registration Number:** IBBI/IPA-001/IP-P-02323 /2020-2021/13513
(Authorization for Assignment valid till: 31/12/2026)
**Regd. Add.: -** C-3/69 A, Keshav Puram, North West, Delhi-110035;
**Regd. email Id:** mail@sumitsharma.in
**Correspondence Address:** 109 (First Floor), Surya Kiran Building, 19, Kasturba Gandhi Marg, New Delhi-110001
**Email:** cirp.indianyarn@gmail.com
**Date: 15.09.2025**
**Place: New Delhi**

# Traced by police in Haridwar, Jind man shoots self

HISAR, SEPTEMBER 14

A man facing charges of fraud reportedly ended life by suicide at a house in Haridwar today. The accused, Sunil Kapoor, was being chased by the Jind police. He made a dramatic escape when the Jind CIA team tried to overpower him in Haridwar yesterday after he opened fire on a team member.

The Jind police spokesperson said during a cordon operation in the presence of the Uttarakhand Police, the accused reportedly shot himself with his own weapon. The spokesperson said Kapoor had opened fire on the Jind police team, injuring Sub-Inspector Surender.

Jind CIA Staff in-charge, Sub-Inspector Manish Kumar said Kapoor's location was traced to Dehradun. A joint team of Haryana, Haridwar, and Dehradun cops raided his hideout, where he was found hiding in a relative's house. The door of the room was locked from inside, the spokesperson said, adding when the police, with the help of relatives, broke open the door, the accused panicked on seeing the police and shot himself. — TNS

# Till land, add nitrogen to overcome flood damage: Experts

PARVEEN ARORA
RIBUNE NEWS SERVICE

KARNAL, SEPTEMBER 14

The recent spell of rains and flashfloods across Northwest India has left vast stretches of farmland submerged, standing crops damaged and farmers counting losses.

Haryana, Punjab, Himachal Pradesh, Uttarakhand, Jammu, Kashmir and parts of Ladakh have been severely hit, with crops either under water or damaged beyond recovery. Scientists of the ICAR – Indian Agricultural Research Institute (IARI), Regional Station, Karnal, has issued an advisory to help farmers recover and protect their livelihoods.

Dr Shiv K Yadav, Principal Scientist and Head, ICAR-IARI (Karnal), said the immediate losses to farmers were immense, but timely action could reduce long-term damage. "Where water has receded, farmers should till the soil to restore aeration and apply nitrogen with organic manure to rebuild soil health," he said. In fields where water remains stagnant, farmers should divert it using pumps or channels. Where silt has accumulated, soil treatment and fresh sowing will be needed once conditions improve.



**SUGGESTIONS FROM SCIENTISTS**

- For paddy, drainage and spray of nitrogen and potassium must
- Maize growers should create drain channels, watch for stem rot
- Cotton farmers must manage root rot and insect attacks, sugarcane growers must apply nitrogen
- Vegetable growers should drain water, prune damaged plants, and spray protectants
- Orchard owners must remove silt, repair drainage and use fungicides against root rot

Dr Yadav also stressed the importance of post-harvest handling. Farmers should dry salvaged paddy, maize and fruits on raised platforms on tarpaulins to prevent rotting. Damaged paddy and maize straw can be used for silage to secure fodder for livestock. He maintained that the disaster has once again highlighted the vulnerability of agriculture to climate extremes, calling for long-term solutions such as better drainage, crop diversification, climate-resilient varieties and improved disaster preparedness.

Dr Sangita Yadav, Principal Scientist, ICAR-IARI, highlighted that major kharif crops were the worst-hit. In Haryana and Punjab, basmati paddy, maize, sugarcane and cotton suffered heavy losses. In Himachal Pradesh, apple orchards were badly damaged due to landslides and silt. Uttarakhand reported losses in pulses along with blast incidence in paddy. Jammu and Kashmir saw damage to maize, paddy, vegetables, and apple orchards, while in Ladakh, buckwheat, barley, and apricot crops were flattened.

She advised farmers to act quickly depending on the crop. For paddy, drainage of water and sprays of nitrogen and potassium are essential. Maize growers should create drainage channels and watch for stem rot. Cotton farmers must manage root rot and insect attacks, while sugarcane fields need timely nitrogen application. Vegetable growers should drain water, prune damaged plants, and spray protectants, while orchard owners must remove silt, repair drainage, and use fungicides against root rot.

15092025-Mai-04_Layout 1 9/14/2025 10:29 PM Page 1



## ਵੀਹ ਕਿੱਲੋ ਹੈਰੋਇਨ, ਡਰੋਨ ਤੇ ਦੋ ਮੋਟਰਸਾਈਕਲਾਂ ਸਣੇ ਤਿੰਨ ਕਾਬੂ

**ਪੱਤਰ ਪ੍ਰੇਰਕ**
**ਫਿਰੋਜ਼ਪੁਰ 14 ਸਤੰਬਰ**

ਪੁਲੀਸ ਨੇ ਤਿੰਨ ਵਿਅਕਤੀਆਂ ਨੂੰ 20 ਕਿੱਲੋ 259 ਗ੍ਰਾਮ ਹੈਰੋਇਨ, ਡਰੋਨ ਅਤੇ ਦੋ ਮੋਟਰਸਾਈਕਲਾਂ ਸਣੇ ਕਾਬੂ ਕੀਤਾ ਹੈ। ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਇਸ ਦੌਰਾਨ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ 155 ਬਟਾਲੀਅਨ ਬੀ ਐੱਸ ਐੱਫ ਬੀ ਓ ਪੀ ਬੈਰੀਅਰ ਵੱਲੋਂ ਅਮਨਦੀਪ ਸਿੰਘ ਵਾਸੀ ਗੱਟੀ ਰਾਜੋ ਕੇ ਅਤੇ ਪਰਮਜੀਤ ਸਿੰਘ ਵਾਸੀ ਗੱਟੀ ਰਾਜੋ ਕੇ ਨੂੰ ਹੁਸੈਨੀਵਾਲਾ ਬੈਰਾਜ ਨੇੜਿਓਂ ਨਾਕੇ ਦੌਰਾਨ 4 ਕਿੱਲੋ 484 ਗ੍ਰਾਮ ਹੈਰੋਇਨ, 1 ਡਰੋਨ ਅਤੇ ਮੋਟਰਸਾਈਕਲ ਸਣੇ ਗ੍ਰਿਫ਼ਤਾਰ ਕੀਤਾ ਗਿਆ। ਇਸੇ ਤਰ੍ਹਾਂ ਸੀ ਆਈ ਏ ਸਟਾਫ ਦੇ ਇੰਸਪੈਕਟਰ ਮੋਹਿਤ ਧਵਨ ਨੇ ਪੁਲੀਸ ਪਾਰਟੀ ਸਣੇ ਮੁਖ਼ਬਰੀ ਦੇ ਅਧਾਰ ’ਤੇ ਸੋਨੂੰ ਸਿੰਘ ਵਾਸੀ ਪਿੰਡ ਹਬੀਬ ਵਾਲਾ ਨੂੰ 15 ਕਿੱਲੋ 775 ਗ੍ਰਾਮ ਹੈਰੋਇਨ ਤੇ ਮੋਟਰਸਾਈਕਲ ਬਿਨਾਂ ਨੰਬਰੀ ਸਣੇ ਕਾਬੂ ਕੀਤਾ ਹੈ। ਪੁਲੀਸ ਵੱਲੋਂ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

**ਪੁਲੀਸ ਵੱਲੋਂ ਮੁਲਜ਼ਮਾਂ ਤੋਂ ਪੁੱਛਗਿੱਛ ਜਾਰੀ**

## ਝੋਨੇ ਦੀ ਫ਼ਸਲ ’ਤੇ ਨਮੀ ਦੇ ਨਾਂ ਉੱਤੇ ਕੱਟ ਖ਼ਿਲਾਫ਼ ਨਿੱਤਰੇ ਕਿਸਾਨ

### ਭੰਗਾਲਾ ਦੀ ਦਾਣਾ ਮੰਡੀ ਵਿੱਚ ਕੀਤੀ ਮਹਾਪੰਚਾਇਤ; ਕਿਸਾਨ ਮੋਰਚੇ ਵੱਲੋਂ ਸੂਬਾ ਪੱਧਰੀ ਸੰਘਰਸ਼ ਦੀ ਚਿਤਾਵਨੀ

**ਜਗਜੀਤ ਸਿੰਘ**
**ਮੁਕੇਰੀਆਂ, 14 ਸਤੰਬਰ**

ਮੰਡੀਆਂ ਵਿੱਚ ਨਮੀ ਦੇ ਨਾਮ ’ਤੇ ਕਿਸਾਨਾਂ ਦੀ ਝੋਨੇ ਦੀ ਫਸਲ ਨੂੰ ਲਗਾਏ ਜਾਣ ਵਾਲੇ ਕੱਟ ਖ਼ਿਲਾਫ਼ ਕਿਸਾਨ ਜਥੇਬੰਦੀਆਂ ਨੇ ਭੰਗਾਲਾ ਦੀ ਦਾਣਾ ਮੰਡੀ ਵਿੱਚ ਮਹਾਪੰਚਾਇਤ ਕਰਕੇ ਤਿੱਖੇ ਸੰਘਰਸ਼ ਦੀ ਚਿਤਾਵਨੀ ਦਿੱਤੀ ਹੈ। ਇਸ ਮੌਕੇ ਮਨਜੀਤ ਸਿੰਘ ਰਾਏ ਅਤੇ ਅਮਰਜੀਤ ਸਿਘ ਰੜ੍ਹਾ ਨੇ ਕਿਹਾ ਕਿ ਕਿਸਾਨ ਪਹਿਲਾਂ ਹੀ ਹੜ੍ਹਾਂ ਕਾਰਨ ਵਿੱਤੀ ਮਾਰ ਝੱਲ ਰਿਹਾ ਹੈ ਅਤੇ ਪਿਛਲੀ ਵਾਰ ਵਾਂਗ ਜੇ ਇਸ ਵਾਰ ਵੀ ਫਸਲ ਨੂੰ ਮੰਡੀਆਂ ਵਿੱਚ ਕੱਟ ਲਗਾਇਆ ਜਾਂਦਾ ਹੈ ਤਾਂ ਹਰ ਪੱਧਰ ਦਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਦੌਰਾਨ ਸੂਬੇ ਦੇ ਵਿਧਾਇਕਾਂ ਤੇ ਮੰਤਰੀਆਂ ਦੀ ਰਿਹਾਇਸ਼ ਦੇ ਘਿਰਾਓ ਤੇ ਹਾਈਵੇਅ ਜਾਮ ਕਰਨ ਵਰਗੇ ਫ਼ੈਸਲੇ ਲਏ ਜਾ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਜਿਣਸ ਸੁਕਾ ਕੇ ਲਿਆਉਣ।



ਭੰਗਾਲਾ ਦੀ ਦਾਣਾ ਮੰਡੀ ਵਿੱਚ ਕਿਸਾਨ ਮਹਾਪੰਚਾਇਤ ਦੌਰਾਨ ਆਗੂ।

ਆਗੂਆਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਦੀ ਮੰਡੀਆਂ ਵਿੱਚ ਲੁੱਟ ਰੋਕਣ ਲਈ ਮੰਡੀ ਪੱਧਰ ਦੀਆਂ ਕਮੇਟੀਆਂ ਗਠਿਤ ਕਰਨ ਦੀ ਤਜਵੀਜ਼ ਬਣਾਈ ਜਾ ਰਹੀ ਹੈ ਤਾਂ ਜੋ ਇਹ ਮਸਲੇ ਮੰਡੀ ਪੱਧਰ ’ਤੇ ਹੀ ਨਜਿੱਠੇ ਜਾ ਸਕਣ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਮੰਡੀਆਂ ਵਿੱਚ ਸੁਚਾਰੂ ਖਰੀਦ ਦੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣ ਅਤੇ ਨਮੀ ਚੈੱਕ ਕਰਨ ਲਈ ਲੋੜੀਂਦਾ ਸਟਾਫ ਤਾਇਨਾਤ ਕੀਤਾ ਜਾਵੇ। ਇਸ ਮੌਕੇ ਬਾਪੂ ਬਲਕਾਰ ਸਿੰਘ ਮੱਲ੍ਹੀ, ਗੁਰਨਾਮ ਸਿੰਘ ਜਹਾਨਪੁਰ, ਅਵਤਾਰ ਸਿੰਘ ਬੌਬੀ, ਜਗਦੀਸ਼ ਸਿੰਘ ਰਾਜਾ, ਬਲਕਾਰ ਸਿੰਘ ਮੱਲੀ, ਵਿਜੈ ਬਹਿਬਲਮੰਜ, ਗੁਰਨਾਮ ਸਿੰਘ ਜਹਾਨਪੁਰ, ਓਂਕਾਰ ਸਿੰਘ ਪੁਰਾਣਾ ਭੰਗਾਲਾ, ਹਰਦੀਪ ਸਿੰਘ ਭਾਗੜਾਂ, ਅਵਤਾਰ ਸਿੰਘ ਬੌਬੀ, ਜਗਦੇਵ ਭੱਟੀਆਂ, ਰੌਸ਼ਨ ਖਾਂ, ਅਰਜੁਨ ਕਜਲਾ, ਸੌਰਵ ਬਿੱਲਾ, ਸ਼ਮਿੰਦਰ ਸਿੰਘ ਛੰਨੀਨੰਦ ਸਿੰਘ, ਕੁਲਵਿੰਦਰ ਸਿੰਘ ਮੰਜਪੁਰ, ਸੁਰਜੀਤ ਬਿੱਲਾ, ਹਰਜੀਤ ਟੀਟਾ, ਬਲਜੀਤ ਸਿੰਘ ਨੀਟਾ, ਅਜਾਇਬ ਸਿੰਘ, ਸਤੀਸ਼ ਪਠਾਨੀਆ ਨੇ ਸੰਬੋਧਨ ਕੀਤਾ।

**ਝੋਨੇ ਵਿੱਚ ਨਮੀ ਦੀ ਮਾਤਰਾ 20 ਫੀਸਦੀ ਕੀਤੀ ਜਾਵੇ: ਰਾਏ**

ਕਿਸਾਨ ਆਗੂ ਮਨਜੀਤ ਸਿੰਘ ਰਾਏ ਨੇ ਦੱਸਿਆ ਕਿ ਭਲਕੇ ਕਿਸਾਨ ਮਜ਼ਦੂਰ ਮੋਰਚੇ ਦੀ ਮੀਟਿੰਗ ਕੀਤੀ ਜਾ ਰਹੀ ਹੈ। ਮੀਟਿੰਗ ਵਿੱਚ ਝੋਨੇ ਦੀ ਕਿਸਮ ਅਨੁਸਾਰ ਨਮੀ ਦੀ ਮਾਤਰਾ 19-20 ਫ਼ੀਸਦੀ ਤੈਅ ਕੀਤੀ ਜਾਵੇ ਕਿਉਂਕਿ ਹੜ੍ਹਾਂ ਕਾਰਨ ਜ਼ਮੀਨ ਵਿੱਚੋਂ ਨਮੀ ਨਹੀਂ ਜਾਣੀ ਅਤੇ ਇਸ ਦਾ ਸਿੱਧਾ ਅਸਰ ਦਾਣੇ ਵਿੱਚ ਨਮੀ ਦੀ ਮਾਤਰਾ ’ਤੇ ਪਵੇਗਾ। ਉਨ੍ਹਾਂ ਮੰਗ ਕੀਤੀ ਕਿ ਨਮੀ ਦੀ ਮਾਤਰਾ ਵਧਾਉਣ ਕਾਰਨ ਸ਼ੈੱਲਰ ਮਾਲਕਾਂ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਕੇਂਦਰ ਜਾਂ ਰਾਜ ਸਰਕਾਰ ਆਪਣੇ ਪੱਧਰ ’ਤੇ ਕਰੇ।

## ਮੰਡੀਆਂ ’ਚ 17 ਫ਼ੀਸਦੀ ਤੋਂ ਵੱਧ ਨਮੀ ਵਾਲਾ ਝੋਨਾ ਨਾ ਉਤਾਰਨ ਦਾ ਫ਼ੈਸਲਾ

### 72 ਘੰਟਿਆਂ ਵਿੱਚ ਲਿਫਟਿੰਗ ਨਾ ਹੋਣ ’ਤੇ ਅਗਲੀ ਖਰੀਦ ਬੰਦ ਕਰਨ ਦੀ ਦਿੱਤੀ ਚਿਤਾਵਨੀ

**ਜਗਜੀਤ ਸਿੰਘ**
**ਮੁਕੇਰੀਆਂ, 14 ਸਤੰਬਰ**

ਆੜ੍ਹਤੀ ਐਸੋਸੀਏਸ਼ਨ ਨੇ ਮੰਡੀਆਂ ਵਿੱਚ 17 ਫ਼ੀਸਦੀ ਤੋਂ ਵੱਧ ਨਮੀ ਵਾਲਾ ਝੋਨਾ ਨਾ ਉਤਾਰਨ ਅਤੇ 72 ਘੰਟਿਆਂ ਵਿੱਚ ਲਿਫਟਿੰਗ ਨਾ ਹੋਣ ’ਤੇ ਮੰਡੀ ਵਿੱਚ ਅਗਲੀ ਖਰੀਦ ਬੰਦ ਕਰਨ ਦੀ ਚਿਤਾਵਨੀ ਦਿੱਤੀ ਹੈ। ਇਸ ਸਬੰਧੀ ਫ਼ੈਸਲਾ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮਨਜੀਤ ਸਿੰਘ ਕੌਲਪੁਰ ਦੀ ਅਗਵਾਈ ਹੇਠ ਸ਼ੀਤਲਾ ਮਾਤਾ ਮੰਦਰ ਵਿੱਚ ਹੋਈ ਮੀਟਿੰਗ ਦੌਰਾਨ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਮਨਜੀਤ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਤੈਅ ਨਿਯਮਾਂ ਵਾਲਾ ਝੋਨਾ ਹੀ ਮੰਡੀਆਂ ਵਿੱਚ ਉਤਾਰਿਆ ਜਾਵੇਗਾ ਅਤੇ 17 ਫ਼ੀਸਦੀ ਨਮੀ ਵਾਲੇ ਝੋਨੇ ’ਤੇ ਕੋਈ ਕੱਟ ਨਹੀਂ ਲਗਾਇਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ 17 ਫ਼ੀਸਦੀ ਨਮੀ ਵਾਲੇ ਝੋਨੇ ’ਤੇ ਆੜ੍ਹਤੀਆ ਸ਼ੈੱਲਰ ਮਾਲਕ ਨੂੰ ਵੀ ਕੋਈ ਕੱਟ ਅਦਾ ਨਹੀਂ ਕਰੇਗਾ। ਜੇ ਕੋਈ ਕਿਸਾਨ 17 ਫ਼ੀਸਦੀ ਤੋਂ ਵੱਧ ਨਮੀ ਵਾਲਾ ਝੋਨਾ ਮੰਡੀਆਂ ਵਿੱਚ ਲਿਆਉਂਦਾ ਹੈ ਤਾਂ ਹੋਣ ਵਾਲੀ ਪ੍ਰੇਸ਼ਾਨੀ ਲਈ ਕਿਸਾਨ ਖੁਦ ਜ਼ਿੰਮੇਵਾਰ ਹੋਵੇਗਾ।



ਆੜ੍ਹਤੀਆਂ ਦੀ ਮੀਟਿੰਗ ਮਗਰੋਂ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਮਨਜੀਤ ਸਿੰਘ ਕੌਲਪੁਰ।

ਉਨ੍ਹਾਂ ਕਿਹਾ ਕਿ ਹੜ੍ਹਾਂ ਦੀ ਮਾਰ ਝੱਲ ਰਹੇ ਕਿਸਾਨਾਂ ਨਾਲ ਆੜ੍ਹਤੀਆਂ ਨੂੰ ਪੂਰੀ ਹਮਦਰਦੀ ਹੈ, ਪਰ ਸ਼ੈਲਰ ਮਾਲਕਾਂ ਵੱਲੋਂ ਲਗਾਏ ਜਾਣ ਵਾਲੇ ਕੱਟ ਲਈ ਉਹ ਜ਼ਿੰਮੇਵਾਰ ਨਹੀਂ ਹਨ ਅਤੇ ਸ਼ੈੱਲਰ ਮਾਲਕਾਂ ਦੇ ਨੁਕਸਾਨ ਦੀ ਭਰਪਾਈ ਸਰਕਾਰ ਕਰੇ। ਸ਼ੈੱਲਰ ਮਾਲਕਾਂ ਨੂੰ ਨਮੀ ਜਾਂ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਕਾਰਨ ਹੋਣ ਵਾਲੇ ਨੁਕਸਾਨ ਦੀ ਭਰਪਾਈ ਕਿਸਾਨ ਜਾਂ ਆੜ੍ਹਤੀਏ ਦੇ ਪੱਧਰ ’ਤੇ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦਾਅਵਾ ਕੀਤਾ ਕਿ ਇਹ ਮਾਮਲਾ ਸੂਬਾ ਪੱਧਰੀ ਆੜ੍ਹਤੀਆ ਐਸੋਸੀਏਸ਼ਨ ਕੋਲ ਵੀ ਵਿਚਾਰਿਆ ਜਾ ਰਿਹਾ ਹੈ।


## ਕਲਾਸੀਫਾਈਡ

### ਖਾਲੀ ਥਾਵਾਂ

**ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ** ਫਾਰ ਵੂਮੈਨ ਕਮਾਲਪੁਰਾ (ਲੁਧਿਆਣਾ) ਪੰ., ਨਿਯਮਿਤ ਆਧਾਰ ’ਤੇ ਪ੍ਰਿੰਸੀਪਲ ਦੀ ਅਸਾਮੀ ਲਈ ਨਿਰਧਾਰਤ ਪ੍ਰੋਫਾਰਮਾ (ਕਾਲਜ ਤੋਂ ਸੁਲੱਭ) ਬਿਨੈਪੱਤਰ ਮੰਗੇ ਜਾਂਦੇ ਹਨ। ਯੂਜੀਸੀ/ ਰਾਜ ਸਰਕਾਰ/ ਐਨਸੀਟੀਈ/ ਪੰਜਾਬ ਯੂਨੀਵਰਸਿਟੀ ਵੱਲੋਂ ਨਿਰਧਾਰਤ ਯੋਗਤਾਵਾਂ/ਸ਼ਰਤਾਂ ਦੇ ਅਨੁਸਾਰ ਯੋਗ ਉਮੀਦਵਾਰ ਵਿਗਿਆਪਨ ਦੇ ਪ੍ਰਕਾਸ਼ਨ ਤੋਂ 30 ਦਿਨਾਂ ਦੇ ਅੰਦਰ ਰਜਿਸਟਰਡ ਡਾਕ/ ਸਪੀਡ ਪੋਸਟ ਜਾਂ ਵਿਅਕਤੀਗਤ ਰੂਪ ਵਿਚ ਆਪਣੇ ਬਿਨੈਪੱਤਰ ਕਾਲਜ ਨੂੰ ਭੇਜਣ ਅਤੇ ਇਸ ਦੀ ਇਕ ਕਾਪੀ ਡੀਨ ਕਾਲਜ ਵਿਕਾਸ ਪ੍ਰੀਸ਼ਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਭੇਜੀ ਜਾਵੇ। ਉਮੀਦਵਾਰ ਆਪਣੇ ਬਿਨੈਪੱਤਰ ਭੇਜਦੇ ਸਮੇਂ ਨਿਰਧਾਰਤ ਪ੍ਰੋਫਾਰਮੇ ਦੀਆਂ 09 ਫੋਟੋ ਕਾਪੀਆਂ ਵੀ ਕਾਲਜ ਕੋਲ ਜਮ੍ਹਾਂ ਕਰਵਾਉਣ। ਸਕੱਤਰ, ਗਵਰਨਿੰਗ ਬਾਡੀ, 98722-00148 (CL25052439)

**ਐਸ.ਡੀ. ਕਾਲਜ, ਬਰਨਾਲਾ (ਪੰ.)-** 148101 ਨੂੰ ਹੇਠ ਲਿਖੇ ਸਹਾਇਕ ਪ੍ਰੋਫੈਸਰਾਂ ਦੀ ਲੋੜ ਹੈ। ਪੰਜਾਬੀ-1, ਕਾਮਰਸ-5, ਸੰਗੀਤ ਸਾਜ਼-1, ਪੰਜਾਬ ਸਰਕਾਰ/ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਯੋਗਤਾਵਾਂ। ਤਨਖਾਹ ਗੱਲਬਾਤ ਯੋਗ ਹੈ। 10 ਦਿਨਾਂ ਦੇ ਅੰਦਰ-ਅੰਦਰ ਹੇਠਾਂ ਹਸਤਾਖਰਿਤ ਨੂੰ ਅਰਜ਼ੀ ਦਿਓ। ਲੋੜ ਅਨੁਸਾਰ ਅਸਾਮੀਆਂ ਦੀ ਗਿਣਤੀ ਵੱਖ-ਵੱਖ ਹੋ ਸਕਦੀ ਹੈ। (ਨਰੇਸ਼ ਕੁਮਾਰ ਸਿੰਗਲਾ), ਪ੍ਰਧਾਨ। (CL25052459)

### ਦਾਖਲਾ ਸੂਚਨਾ

**ਜੀ.ਐਨ. ਕਾਲਜ ਆਫ਼ ਐਜੂਕੇਸ਼ਨ,** ਪਟਿਆਲਾ ਵਿੱਚ, 20.09.2025 ਤੱਕ ਸਾਰੇ ਵਿਸ਼ਿਆਂ ਦੇ ਕੰਬੀਨੇਸ਼ਨ ਲਈ, ਬੀ.ਐੱਡ. ਮੈਨੇਜਮੈਂਟ ਸੀਟਾਂ (ਬਿਨਾ ਇੰਟਰੈਂਸ ਟੈਸਟ) ਤੋਂ ਦਾਖ਼ਲਾ ਉਪਲਬਧ ਹੈ। 78883-48366, 98723-98131 (CL25052207)

### ਜ਼ਰੂਰੀ ਸੂਚਨਾ

ਦੀ ਟ੍ਰਿਬਿਊਨ ਟਰੱਸਟ ਇਸ ਅਖ਼ਬਾਰ ਵਿਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਪੰਜਾਬ ’ਚ ਕਾਂਗਰਸੀ ਲੀਡਰਾਂ ਨੇ ਵਧਾਈ ਸਰਗਰਮੀ

**ਬਾਹਰਲੇ ਸੂਬਿਆਂ ਤੋਂ ਪਹੁੰਚ ਰਹੇ ਨੇ ਸੀਨੀਅਰ ਆਗੂ; ਸੂਬੇ ਦੇ ਲੋਕਾਂ ਤੋਂ ਲਈ ਜਾ ਰਹੀ ਹੈ ਫ਼ੀਡਬੈਕ**

**ਮੋਹਿਤ ਸਿੰਗਲਾ**
**ਨਾਭਾ, 14 ਸਤੰਬਰ**

ਕਾਂਗਰਸ ਦੇ ਕੌਮੀ ਸਕੱਤਰ ਸੰਜੈ ਦੱਤ ਪਟਿਆਲਾ ਜ਼ਿਲ੍ਹੇ ਵਿੱਚ ਲੋਕਾਂ ਨੂੰ ਮਿਲਣ ਲਈ ਪਹੁੰਚੇ ਹੋਏ ਹਨ। ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨਾਲ ਉਹ ਵੱਖ-ਵੱਖ ਗ਼ੈਰ-ਕਾਂਗਰਸੀ ਜਥੇਬੰਦੀਆਂ, ਸਮਾਜਿਕ ਕਾਰਕੁਨਾਂ, ਡਾਕਟਰਾਂ ਅਤੇ ਹੋਰ ਕਾਰੋਬਾਰੀਆਂ ਨੂੰ ਮਿਲ ਰਹੇ ਹਨ। ਜਾਣਕਾਰੀ ਅਨੁਸਾਰ ਉਨ੍ਹਾਂ ਨੇ ਕਾਂਗਰਸ ਦੇ ਵੱਖ-ਵੱਖ ਧੜਿਆਂ ਨਾਲ ਬੰਦ ਕਮਰਾ ਮੀਟਿੰਗ ਵੀ ਕੀਤੀ।

ਡਾ. ਗਾਂਧੀ ਦੇ ਇਕ ਕਰੀਬੀ ਨੇ ਦੱਸਿਆ ਕਿ ਸੰਜੈ ਦੱਤ ਦੀ ਪਟਿਆਲਾ ਫੇਰੀ ਦੇ ਦੋ ਮਕਸਦ ਹਨ। ਇਕ ਤਾਂ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨਾ, ਦੂਜਾ ਪਾਰਟੀ ਦੀ ਲੋਕਾਂ ਤਕ ਪਹੁੰਚ ਨੂੰ ਵਧਾਉਣਾ। ਜਾਣਕਾਰੀ ਅਨੁਸਾਰ ਕਿਰਤੀ ਕਿਸਾਨ ਯੂਨੀਅਨ, ਕਿਸਾਨ ਯੂਨੀਅਨ ਸ਼ਾਦੀਪੁਰ ਸਣੇ ਕਈ ਕਿਸਾਨ ਜਥੇਬੰਦੀਆਂ ਨੇ ਉਨ੍ਹਾਂ ਨੂੰ ਕਿਸਾਨੀ ਮੁੱਦਿਆਂ ’ਤੇ ਪਾਰਟੀ ਵੱਲੋਂ ਪੱਖ ਸਾਫ਼ ਕਰਨ ਲਈ ਕਿਹਾ। ਇਸੇ ਤਰ੍ਹਾਂ ਮਜ਼ਦੂਰ ਜਥੇਬੰਦੀਆਂ ਨੇ ਸੰਜੈ ਦੱਤ ਨੂੰ ਪਾਰਟੀ ਦੇ ਵਿਰੋਧੀ ਧਿਰ ਵਜੋਂ ਸਵਾਲ-ਜਵਾਬ ਕੀਤੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੂੰ ਨਵੀਂ ਅਤੇ ਸੁਝਵਾਨ ਲੀਡਰਸ਼ਿਪ ਖੜ੍ਹੀ ਕਰਨੀ ਚਾਹੀਦੀ ਹੈ। ਸੂਤਰਾਂ ਅਨੁਸਾਰ ਕਾਂਗਰਸ ਦੇ ਵੱਖ-ਵੱਖ ਧੜਿਆਂ ਨੇ ਇੱਕ ਦੂਜੇ ’ਤੇ ਭਾਜਪਾ, ‘ਆਪ’ ਜਾਂ ਕੈਪਟਨ ਅਮਰਿੰਦਰ ਸਿੰਘ ਨਾਲ ਜੁੜੇ ਹੋਣ ਦੇ ਦੋਸ਼ ਲਗਾਏ ਅਤੇ ਆਪਣੀ ਪਾਰਟੀ ਵਿੱਚ ਪ੍ਰਧਾਨਗੀ ਦੀ ਦਾਅਵੇਦਾਰੀ ਪੇਸ਼ ਕੀਤੀ। ਜਾਣਕਾਰੀ ਅਨੁਸਾਰ 16 ਸਤੰਬਰ ਤੋਂ ਬਾਅਦ ਇਕ ਹੋਰ ਸੀਨੀਅਰ ਕਾਂਗਰਸ ਆਗੂ ਵੀ ਪਟਿਆਲਾ ਦੇ ਇਲਾਕਿਆਂ ਤੋਂ ਰਿਪੋਰਟ ਇਕੱਠੀ ਕਰਨਗੇ। ਕਾਂਗਰਸ ਪਾਰਟੀ ਆਗੂਆਂ ਦੀ ਸਰਗਰਮੀ ਪਾਰਟੀ ਵੱਲੋਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਲਈ ਕੀਤੀ ਜਾ ਰਹੀ ਤਿਆਰੀ ਬਾਰੇ ਗਵਾਹੀ ਭਰ ਰਹੀ ਹੈ।

## ਪੰਜਾਬ ਦੇ ਹੜ੍ਹ ਪੀੜਤਾਂ ਨਾਲ ਖੜ੍ਹੀ ਹੈ ਹਰਿਆਣਾ ਸਰਕਾਰ

### ਰੋਜ਼ਾਨਾ ਭੇਜੇ ਜਾ ਰਹੇ ਨੇ ਰਾਹਤ ਸਮੱਗਰੀ ਦੇ ਟਰੱਕ

**ਪੰਜਾਬ ਤੇ ਹਰਿਆਣਾ ਸੂਬੇ ਨਹੀਂ, ਭਰਾ ਹਨ: ਨਾਇਬ ਸੈਣੀ**

**ਆਤਿਸ਼ ਗੁਪਤਾ**
**ਚੰਡੀਗੜ੍ਹ, 14 ਸਤੰਬਰ**

ਪੰਜਾਬ ’ਚ ਹੜ੍ਹਾਂ ਕਰ ਕੇ ਮਹੀਨੇ ਤੋਂ 2,300 ਪਿੰਡਾਂ ਵਿੱਚ ਤਬਾਹੀ ਆਈ ਹੋਈ ਹੈ। ਲੱਖਾਂ ਲੋਕ ਬੇਘਰ ਹੋ ਗਏ ਹਨ ਅਤੇ ਹਜ਼ਾਰਾਂ ਏਕੜ ਫ਼ਸਲ ਤਬਾਹ ਹੋ ਗਈ ਹੈ। ਅਜਿਹੇ ਹਾਲਾਤ ’ਚ ਦੁਨੀਆ ਭਰ ਤੋਂ ਲੋਕ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਵਿੱਚ ਜੁਟੇ ਹੋਏ ਹਨ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਵੀ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਵਿੱਚ ਡਟ ਗਈ ਹੈ, ਜਿਸ ਵੱਲੋਂ ਰੋਜ਼ਾਨਾ ਹਰਿਆਣਾ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਦੇ ਟਰੱਕ ਰਵਾਨਾ ਕੀਤੇ ਜਾ ਰਹੇ ਹਨ। ਹਰਿਆਣਾ ਸਰਕਾਰ ਵੱਲੋਂ ਹੜ੍ਹ ਪੀੜਤਾਂ ਲਈ ਖਾਣ-ਪੀਣ ਦੀ ਸਮੱਗਰੀ ਅਤੇ ਦਵਾਈਆਂ ਭੇਜੀਆਂ ਜਾ ਰਹੀਆਂ ਹਨ।



ਨਾਇਬ ਸਿੰਘ ਸੈਣੀ ਰਾਹਤ ਸਮੱਗਰੀ ਦਾ ਟਰੱਕ ਰਵਾਨਾ ਕਰਦੇ ਹੋਏ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਕਹਿਣਾ ਹੈ ਕਿ ਇਨਸਾਨੀਅਤ ਤੋਂ ਵੱਧ ਕੇ ਕੋਈ ਧਰਮ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਦੋ ਸੂਬੇ ਨਹੀਂ, ਸਗੋਂ ਭਰਾ ਹਨ। ਜਦੋਂ ਵੀ ਇਕ ਸੂਬੇ ’ਤੇ ਕੋਈ ਸੰਕਟ ਆਉਂਦਾ ਹੈ ਤਾਂ ਹਮੇਸ਼ਾ ਦੂਜਾ ਸੂਬਾ ਮਦਦ ਕਰਨ ਲਈ ਭੱਜਿਆ ਆਉਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਹੜ੍ਹਾਂ ਕਰ ਕੇ ਵਧੇਰੇ ਨੁਕਸਾਨ ਹੋ ਗਿਆ ਹੈ, ਪਰ ਹਰਿਆਣਾ ਵੀ ਚੁੱਪ ਕਰ ਕੇ ਨਹੀਂ ਬੈਠੇਗਾ। ਸਰਕਾਰ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋੜੀਂਦੀ ਮਦਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਰਾਹਤ ਸਮੱਗਰੀ ਨਹੀਂ ਹੈ, ਸਗੋਂ ਉਨ੍ਹਾਂ ਦੇ ਭਾਈਚਾਰੇ ਅਤੇ ਆਪਸੀ ਪ੍ਰੇਮ ਦੀ ਮਿਸਾਲ ਹੈ, ਜਿਸ ਨੂੰ ਉਹ ਕਦੇ ਵੀ ਖਤਮ ਨਹੀਂ ਹੋਣ ਦੇਣਗੇ।

## ਝਨੇੜੀ ’ਚ ਜ਼ਹਿਰੀਲੀ ਦਵਾਈ ਪੀਣ ਵਾਲੇ ਕਿਸਾਨ ਦੀ ਮੌਤ

**ਕਰਜ਼ੇ ਤੋਂ ਪ੍ਰੇਸ਼ਾਨ ਸੀ ਕਿਸਾਨ; ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਅਤੇ ਸਾਰਾ ਕਰਜ਼ਾ ਮੁਆਫ਼ ਕਰਨ ਦੀ ਮੰਗ**

**ਮੇਜਰ ਸਿੰਘ ਮੱਟਰਾਂ**
**ਭਵਾਨੀਗੜ੍ਹ, 14 ਸਤੰਬਰ**



ਇੱਥੋਂ ਨੇੜਲੇ ਪਿੰਡ ਝਨੇੜੀ ਵਿੱਚ ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਬਲਵਿੰਦਰ ਸਿੰਘ (37) ਨੇ ਕੁਝ ਦਿਨ ਪਹਿਲਾਂ ਕੋਈ ਜ਼ਹਿਰੀਲੀ ਦਵਾਈ ਪੀ ਲਈ ਸੀ, ਜਿਸ ਦੀ ਇਲਾਜ ਦੌਰਾਨ ਅੱਜ ਮੌਤ ਹੋ ਗਈ। ਮ੍ਰਿਤਕ ਦੀ ਪਤਨੀ ਬਲਜਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਕੋਲ ਸਿਰਫ਼ 4 ਵਿੱਘੇ ਜ਼ਮੀਨ ਹੈ ਅਤੇ ਉਸ ਦਾ ਪਤੀ ਕੁਝ ਜ਼ਮੀਨ ਠੇਕੇ ’ਤੇ ਲੈ ਕੇ ਖੇਤੀ ਕਰਦਾ ਸੀ ਅਤੇ ਖੇਤੀ ਮੋਟਰਾਂ ਠੀਕ ਕਰਨ ਦਾ ਵੀ ਕੰਮ ਕਰਦਾ ਸੀ। ਪਿਛਲੇ ਸਾਲਾਂ ਤੋਂ ਫ਼ਸਲ ਵਿੱਚੋਂ ਕੋਈ ਬੱਚਤ ਨਹੀਂ ਹੋ ਰਹੀ ਸੀ। ਉਨ੍ਹਾਂ ਦੇ ਚਾਰ ਧੀਆਂ ਹਨ। ਇਸ ਕਾਰਨ ਉਨ੍ਹਾਂ ’ਤੇ ਸਰਕਾਰੀ ਅਤੇ ਗੈਰ-ਸਰਕਾਰੀ 5 ਲੱਖ ਰੁਪਏ ਦਾ ਕਰਜ਼ਾ ਚੜ੍ਹ ਗਿਆ ਸੀ। ਕਰਜ਼ੇ ਕਾਰਨ ਉਸ ਦਾ ਪਤੀ ਪ੍ਰੇਸ਼ਾਨ ਰਹਿੰਦਾ ਸੀ। ਇਸੇ ਪ੍ਰੇਸ਼ਾਨੀ ਕਾਰਨ ਉਸ ਨੇ ਦੋ ਸਤੰਬਰ ਨੂੰ ਜ਼ਹਿਰੀਲੀ ਦਵਾਈ ਪੀ ਲਈ ਸੀ। ਅੱਜ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਬਾਅਦ ਦੁਪਹਿਰ ਉਸ ਦਾ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਹਰਜਿੰਦਰ ਸਿੰਘ ਘਰਾਚੋਂ, ਸਤਵਿੰਦਰ ਸਿੰਘ ਘਰਾਚੋਂ ਅਤੇ ਸਾਬਕਾ ਸਰਪੰਚ ਗੁਰਤੇਜ ਸਿੰਘ ਝਨੇੜੀ ਨੇ ਸਰਕਾਰ ਤੋਂ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਅਤੇ ਸਾਰਾ ਕਰਜ਼ਾ ਮੁਆਫ਼ ਕਰਨ ਦੀ ਮੰਗ ਕੀਤੀ। ਪੁਲੀਸ ਚੌਂਕੀ ਘਰਾਚੋਂ ਦੇ ਇੰਚਾਰਜ ਏ ਐੱਸ ਆਈ ਮੇਹਰ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ’ਤੇ ਇਸ ਮਾਮਲੇ ਵਿੱਚ ਧਾਰਾ 174 ਤਹਿਤ ਕਾਰਵਾਈ ਕੀਤੀ ਗਈ ਹੈ।

## ਪਦਉੱਨਤ ਲੈਕਚਰਾਰਾਂ ਵਿੱਚ ਸਰਕਾਰ ਖ਼ਿਲਾਫ਼ ਰੋਸ

**ਪੱਤਰ ਪ੍ਰੇਰਕ**
**ਅੰਮ੍ਰਿਤਸਰ, 14 ਸਤੰਬਰ**

ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਪਦਉੱਨਤ ਕੀਤੇ ਗਏ ਲੈਕਚਰਾਰਾਂ ਨੂੰ ਸਟੇਸ਼ਨ ਪਸੰਦ ਨਾ ਕਰਾਉਣ ਕਾਰਨ ਸਮੁੱਚੇ ਪਦਉੱਨਤ ਲੈਕਚਰਰ ਕੇਡਰ ਵਿੱਚ ਰੋਸ ਹੈ। ਜ਼ਿਲ੍ਹਾ ਅੰਮ੍ਰਿਤਸਰ ਤੋਂ ਪਦਉੱਨਤ ਲੈਕਚਰਾਰਾਂ ਦੇ ਆਗੂ ਗੁਰਬਿੰਦਰ ਸਿੰਘ ਖਹਿਰਾ ਨੇ ਕਿਹਾ ਕਿ ਸਰਕਾਰ ਵੱਲੋਂ ਨਿਰਧਾਰਤ ਸਮੇਂ ਵਿੱਚ ਬਦਲੀਆਂ ਨਾ ਕਰਕੇ ਅਤੇ ਬਦਲੀਆਂ ਨੂੰ ਲੰਬਾ ਖਿੱਚਣ ਕਾਰਨ ਲੈਕਚਰਾਰਾਂ ਨੂੰ ਸਟੇਸ਼ਨ ਪਸੰਦ ਕਰਾਉਣ ਵਿੱਚ ਹੋ ਰਹੀ ਦੇਰੀ ਕਾਰਨ ਸਮੁੱਚੇ ਕੇਡਰ ਵਿੱਚ ਗੁੱਸਾ ਹੈ। ਅੰਮ੍ਰਿਤਸਰ ਤੋਂ ਪਦਉੱਨਤ ਲੈਕਚਰਾਰ ਕਮਲ ਨੈਣ ਸਿੰਘ, ਰਮਿੰਦਰ ਸਿੰਘ, ਸਰਬਜੀਤ ਸਿੰਘ, ਮਨਜੀਤ ਕੌਰ, ਰਕੇਸ਼ ਕੁਮਾਰ ਨੇ ਕਿਹਾ ਕਿ ਪਦਉਨਤ ਲੈਕਚਰਾਰਾਂ ਵੱਲੋਂ ਸਬੰਧਤ ਡੀਈਓ ਆਫਿਸ ਵਿੱਚ ਹਾਜ਼ਰੀ ਰਿਪੋਰਟ ਪੇਸ਼ ਕਰਨ ਦੇ ਬਾਵਜੂਦ ਅੱਜ ਤਕਰੀਬਨ ਪੌਣੇ ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਕਿਸੇ ਵੀ ਪਦਉੱਨਤ ਲੈਕਚਰਾਰ ਨੂੰ ਸਟੇਸ਼ਨ ਚੁਆਇਸ ਨਹੀਂ ਕਰਵਾਈ ਗਈ। ਇਸ ਕਾਰਨ ਵਿਦਿਆਰਥੀਆਂ ਦਾ ਸੈਸ਼ਨ ਦਾ ਅੱਧਾ ਸਾਲ ਬੀਤ ਜਾਣ ਦੇ ਬਾਵਜੂਦ ਵੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ।

## ਦੁਬਈ ਤੋਂ ਡਿਪੋਰਟ ਕੀਤੇ ਅੱਠ ਨੌਜਵਾਨ ਘਰ ਪੁੱਜੇ

**ਨੌਜਵਾਨਾਂ ਨੇ ਕੰਪਨੀ ’ਤੇ ਧੋਖਾਧੜੀ ਦਾ ਦੋਸ਼ ਲਾਇਆ**

**ਜਗਤਾਰ ਸਿੰਘ ਲਾਂਬਾ**
**ਅੰਮ੍ਰਿਤਸਰ, 14 ਸਤੰਬਰ**

ਧੋਖਾਧੜੀ ਦਾ ਸ਼ਿਕਾਰ ਹੋਣ ਮਗਰੋਂ ਦੁਬਈ ਤੋਂ ਡਿਪੋਰਟ ਕੀਤੇ ਗਏ 8 ਨੌਜਵਾਨਾਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਆਪਣੇ ਖਰਚੇ ’ਤੇ ਘਰ ਪੁੱਜਦਾ ਕੀਤਾ ਹੈ। ਇਨ੍ਹਾਂ ਵਿਅਕਤੀਆਂ ਵਿੱਚ ਕਪੂਰਥਲਾ ਜ਼ਿਲ੍ਹੇ ਦੇ ਆਤਮਾ ਸਿੰਘ, ਜਲੰਧਰ ਜ਼ਿਲ੍ਹੇ ਨਾਲ ਸਬੰਧਤ ਵਿਜੈ ਕੁਮਾਰ, ਹਰਬੰਸ ਲਾਲ, ਗਗਨ ਕੁਮਾਰ, ਵਿਜੈ ਕੁਮਾਰ, ਗਗਨ ਕੁਮਾਰ ਪੁੱਤਰ ਬਿੰਦਰ, ਬੱਗਾ ਪ੍ਰਕਾਸ਼ ਤੇ ਅਜੈ ਕੁਮਾਰ ਸ਼ਾਮਲ ਹਨ। ਸ੍ਰੀ ਓਬਰਾਏ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਨੇ ਉਨ੍ਹਾਂ ਨਾਲ ਟੈਲੀਫੋਨ ’ਤੇ ਸੰਪਰਕ ਕਰ ਕੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਵੱਲੋਂ ਉਨ੍ਹਾਂ ਨਾਲ ਧੋਖਾ ਕੀਤਾ ਗਿਆ ਹੈ ਅਤੇ ਉਨ੍ਹਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਮਗਰੋਂ ਉਨ੍ਹਾਂ ਇਨ੍ਹਾਂ ਸਾਰਿਆਂ ਨੂੰ ਚੇਨੱਈ ਤੋਂ ਅੰਮ੍ਰਿਤਸਰ ਤੱਕ ਹਵਾਈ ਟਿਕਟਾਂ ਲੈ ਕੇ ਦੇਣ ਤੋਂ ਇਲਾਵਾ ਅੱਜ ਅੰਮ੍ਰਿਤਸਰ ਹਵਾਈ ਅੱਡੇ ਤੋਂ ਗੱਡੀ ਰਾਹੀਂ ਉਨ੍ਹਾਂ ਦੇ ਘਰਾਂ ਤੱਕ ਪੁੱਜਦਾ ਕੀਤਾ। ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਤੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਨੇ ਹਵਾਈ ਅੱਡੇ ’ਤੇ ਪਹੁੰਚੇ ਨੌਜਵਾਨਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਨੌਜਵਾਨਾਂ ਨੇ ਦੱਸਿਆ ਕਿ ਕੰਪਨੀ ਦੇ ਮਾਲਕ ਨੇ ਕੰਮ ਕਰਵਾਉਣ ਦੇ ਬਾਵਜੂਦ ਤਿੰਨ ਮਹੀਨਿਆਂ ਦੀ ਤਨਖ਼ਾਹ ਨਹੀਂ ਦਿੱਤੀ, ਸਗੋਂ ਸਾਡੇ ਕਮਰੇ ਦੀ ਲਾਈਟ ਤੱਕ ਬੰਦ ਕਰਵਾ ਕੇ ਪ੍ਰੇਸ਼ਾਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜਦ ਉਹ ਆਪਣਾ ਹੱਕ ਲੈਣ ਲਈ ਉੱਥੋਂ ਦੀ ਲੇਬਰ ਕੋਰਟ ਗਏ ਤਾਂ ਉਨ੍ਹਾਂ ਨੂੰ ਪੁਲੀਸ ਕੋਲ ਭੇਜ ਦਿੱਤਾ ਗਿਆ, ਜਿਥੇ ਉਨ੍ਹਾਂ ਨੂੰ 11 ਦਿਨਾਂ ਲਈ ਜੇਲ੍ਹ ਭੇਜ ਕੇ, ਉੱਥੋਂ ਸਿੱਧਾ ਡਿਪੋਰਟ ਕਰ ਕੇ ਚੇਨੱਈ ਭੇਜ ਦਿੱਤਾ ਗਿਆ।



ਦੁਬਈ ਤੋਂ ਆਏ ਨੌਜਵਾਨਾਂ ਨਾਲ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਤੇ ਮਨਪ੍ਰੀਤ ਸੰਧੂ। -ਫੋਟੋ: ਵਿਸ਼ਾਲ ਕੁਮਾਰ

## ਕਰੋੜਾਂ ਦੀਆਂ ਠੱਗੀਆਂ ਮਾਰਨ ਵਾਲਾ ਗਰੋਹ ਬੇਨਕਾਬ

### ਆਨਲਾਈਨ ਸਾਈਟਾਂ ਰਾਹੀਂ ਲੋਕਾਂ ਨੂੰ ਲਾਲਚ ਦੇ ਕੇ ਠੱਗਦੇ ਸਨ ਪੈਸੇ

**ਚਰਨਜੀਤ ਸਿੰਘ ਢਿੱਲੋਂ**
**ਜਗਰਾਉਂ, 14 ਸਤੰਬਰ**

ਪੁਲੀਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੇ ਥਾਣਾ ਸੀ.ਆਈ.ਏ ਦੀ ਪੁਲੀਸ ਨੇ ਆਨਲਾਈਨ ਸਾਈਟਾਂ ਰਾਹੀਂ ਲੋਕਾਂ ਨੂੰ ਲਾਟਰੀ ਅਤੇ ਹੋਰ ਵੱਖ-ਵੱਖ ਢੰਗਾਂ ਨਾਲ ਲੱਖਾਂ ਰੁਪਏ ਦਾ ਲਾਲਚ ਦੇ ਕੇ ਕਰੋੜਾਂ ਦੀਆਂ ਠੱਗੀਆਂ ਮਾਰਨ ਵਾਲੇ ਅੰਤਰਰਾਜੀ ਗਰੋਹ ਦੇ ਪੰਜ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ।

ਐੱਸ ਐੱਸ ਪੀ ਡਾ. ਅੰਕੁਰ ਗੁਪਤਾ ਨੇ ਦੱਸਿਆ ਕਿ ਗਰੋਹ ਦੇ ਮੈਂਬਰ ਗ਼ੈਰਕਾਨੂੰਨੀ ਸਾਈਟਾਂ ਰਾਹੀਂ ਲੋਕਾਂ ਨੂੰ ਥੋੜ੍ਹੇ ਪੈਸੇ ਲਗਾ ਕੇ ਲੱਖਾਂ ਦਾ ਮੁਨਾਫਾ ਦੇਣ ਦਾ ਵਾਅਦਾ ਕਰਦੇ ਸਨ। ਇਸ ਲਈ ਉਹ ਬੈਂਕਾਂ ਵਿੱਚ ਫਰਜ਼ੀ ਖਾਤੇ ਖੁਲ੍ਹਵਾਉਂਦੇ ਸਨ। ਇਨ੍ਹਾਂ ਖਾਤਿਆਂ ਵਿੱਚ ਕਰੋੜਾਂ ਰੁਪਏ ਦਾ ਲੈਣ-ਦੇਣ ਕੀਤਾ ਜਾਂਦਾ ਸੀ। ਮੁਲਜ਼ਮਾਂ ਦੀ ਪਛਾਣ ਅਭਿਨਵ ਗਰਗ ਵਾਸੀ ਬਰਨਾਲਾ, ਓਮ ਪ੍ਰਕਾਸ਼ ਉਰਫ ਓਮ, ਅੰਮ੍ਰਿਤਰਾਜ ਉਰਫ ਅੰਮ੍ਰਿਤ (ਬਿਹਾਰ), ਵਿਸ਼ਵਜੀਤ ਸਿੰਘ, ਰਿਹਾਨ ਖਾਨ (ਯੂ.ਪੀ.) ਕੋਲੋਂ ਪੁਲੀਸ ਨੇ 8 ਮੋਬਾਈਲ ਫੋਨ, 8 ਸਿੰਮ, ਬੈਂਕ ਖਾਤਿਆਂ ਦੇ ਦਸਤਾਵੇਜ਼, ਚੈੱਕ ਬੁੱਕਾਂ, ਲੈਪਟਾਪ ਅਤੇ ਕਾਰ ਬਰਾਮਦ ਕੀਤੀ ਹੈ। ਡੀ.ਐੱਸ.ਪੀ ਇੰਦਰਜੀਤ ਸਿੰਘ ਬੋਪਾਰਾਏ ਨੇ ਦੱਸਿਆ ਕਿ ਗਰੋਹ ਦਾ ਮੁੱਖ ਸਰਗਨਾ ਓਮ ਪ੍ਰਕਾਸ਼ ਹੈ। ਇਹ ਵਿਅਕਤੀ ਸਾਈਟਾਂ ਨੂੰ ਚਲਾਉਣ, ਬੈਂਕਾਂ ਵਿੱਚ ਪੈਸੇ ਟਰਾਂਸਫਰ ਕਰਨ ਅਤੇ ਖਾਤੇ ਖੁੱਲ੍ਹਵਾਉਣ ਦਾ ਸਾਰਾ ਕੰਮ ਖੁਦ ਕਰਦਾ ਸੀ। ਇਸ ਵੱਲੋਂ ਮੁੰਬਈ, ਦਿੱਲੀ ਆਦਿ ਵਿੱਚ ਖਾਤੇ ਖੋਲ੍ਹ ਕੇ ਠੱਗੀ ਦੇ ਪੈਸੇ ਦੁਬਈ, ਫਿਲਪੀਨਜ਼ ਵਰਗੇ ਦੇਸ਼ਾਂ ਵਿੱਚ ਭੇਜ ਦਿੱਤੇ ਜਾਂਦੇ ਸਨ।

**ਪੰਜ ਗ੍ਰਿਫਤਾਰ; 8 ਮੋਬਾਈਲ ਅਤੇ ਕਾਰ ਬਰਾਮਦ**

ਮੁਲਜ਼ਮਾਂ ਦਾ 6 ਦਿਨ ਦਾ ਪੁਲੀਸ ਰਿਮਾਂਡ ਲਿਆ ਗਿਆ ਹੈ। ਐੱਸ.ਐੱਸ.ਪੀ. ਡਾ.ਅੰਕੁਰ ਗੁਪਤਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਲਦੀ ਅਮੀਰ ਬਣਨ ਦੇ ਚੱਕਰ ਵਿੱਚ ਅਜਿਹੀਆਂ ਆਨਲਾਈਨ ਗ਼ੈਰਕਾਨੂੰਨੀ ਸਾਈਟਾਂ ਤੋਂ ਦੂਰ ਰਿਹਾ ਜਾਵੇ। ਉਨ੍ਹਾਂ ਆਖਿਆ ਕਿ ਅਜਿਹੇ ਠੱਗਾਂ ਖਿਲਾਫ ਪੁਲੀਸ ਵੱਲੋਂ ਸਖ਼ਤ ਕਾਰਵਾਈ ਜਾਰੀ ਰਹੇਗੀ।






## ਮਨੋਰੰਜਨ

## ਸਲਮਾਨ ਵੱਲੋਂ ਸੰਗੀਤਕਾਰ ਜੋਨਸ ਕੌਨਰ ਦੀ ਸ਼ਲਾਘਾ



**ਨਵੀਂ ਦਿੱਲੀ:** ਬੌਲੀਵੁੱਡ ਅਦਾਕਾਰ ਸਲਮਾਨ ਖ਼ਾਨ ਨੇ 15 ਸਾਲਾ ਗਾਇਕ-ਸੰਗੀਤਕਾਰ ਜੋਨਸ ਕੌਨਰ ਦੀ ਸ਼ਲਾਘਾ ਕੀਤੀ ਹੈ। ਉਸ ਨੇ ਲੋਕਾਂ ਨੂੰ ਅਜਿਹੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਦੀ ਵੀ ਅਪੀਲ ਕੀਤੀ ਹੈ। ਖ਼ਾਨ ਨੇ ਇੰਸਟਾਗ੍ਰਾਮ ’ਤੇ ਇਕ ਵੀਡੀਓ ਦਾ ਸਕਰੀਨ ਸ਼ਾਟ ਪ੍ਰਸ਼ੰਸਕਾਂ ਨਾਲ ਸਾਂਝਾ ਕੀਤਾ ਹੈ। ਉਸ ਨੇ ਕਿਹਾ ਕਿ ਲੋਕਾਂ ਨੂੰ ਅਜਿਹੀਆਂ ਸ਼ਖ਼ਸੀਅਤਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਦੇਸ਼ ਵਿੱਚ ਕਈ ਪ੍ਰਤਿਭਾਸ਼ਾਲੀ ਬੱਚੇ ਹਨ। ਉਸ ਨੇ ਲਿਖਿਆ,‘ਮੈਂ ਜ਼ਿੰਦਗੀ ਵਿੱਚ ਅਜਿਹਾ ਕਦੇ ਨਹੀਂ ਦੇਖਿਆ ਕਿ ਕੋਈ ਪੰਦਰਾਂ ਸਾਲ ਦਾ ਬੱਚਾ ਆਪਣੇ ਦਰਦ ਨੂੰ ਇੰਨੀ ਖ਼ੂਬਸੂਰਤੀ ਨਾਲ ਪੇਸ਼ ਕਰ ਸਕੇ। ਪਰਮਾਤਮਾ ਤੈਨੂੰ ਆਸ਼ੀਰਵਾਦ ਦੇਵੇ ਜੋਨਸ।’ ਖ਼ਾਨ ਨੇ ਜੋਨਸ ਦੇ ਉਨ੍ਹਾਂ ਗੀਤਾਂ ਦੀ ਸੂਚੀ ਵੀ ਸ਼ੋਸ਼ਲ ਮੀਡੀਆ ’ਤੇ ਸਾਂਝੀ ਕੀਤੀ ਹੈ, ਜਿਨ੍ਹਾਂ ਨੂੰ ਉਹ ਸੁਣ ਰਿਹਾ ਹੈ। ਉਸ ਨੇ ਲਿਖਿਆ ਕਿ ਉਹ ‘ਫਾਦਰ ਇਨ ਏ ਬਾਈਬਲ’, ‘ਪੀਸ ਵਿਦ ਪੇਨ’, ਅਤੇ ‘ਓ ਅਪਲਾਚੀਆ’ ਨੂੰ ਵਾਰ-ਵਾਰ ਸੁਣ ਰਿਹਾ ਹੈ। ਸਲਮਾਨ ਨੇ ਕਿਹਾ ਕਿ ਜੇ ਅਜਿਹੇ ਬੱਚਿਆਂ ਦਾ ਸਮਰਥਨ ਨਹੀਂ ਕੀਤਾ ਤਾਂ ਫੇਰ ਕੀ ਕੀਤਾ। ਇਨ੍ਹਾਂ ਨੂੰ ਉਤਸ਼ਾਹਿਤ ਕਰੋ, ਸੋਸ਼ਣ ਨਹੀਂ। ਸਲਮਾਨ ਖ਼ਾਨ ਹੁਣ ਆਪਣੀ ਅਗਾਮੀ ਫ਼ਿਲਮ ‘ਬੈਟਲ ਆਫ਼ ਗਲਵਾਨ’ ਵਿੱਚ ਨਜ਼ਰ ਆਵੇਗਾ। ਇਸ ਫ਼ਿਲਮ ਦੀ ਸ਼ੂਟਿੰਗ ਉਸ ਨੇ ਇਸੇ ਹਫ਼ਤੇ ਸ਼ੁਰੂ ਕੀਤੀ ਹੈ। ਅਪੂਰਵਾ ਲਾਖੀਆ ਵੱਲੋਂ ਨਿਰਦੇਸ਼ਤ ਇਹ ਫ਼ਿਲਮ ਭਾਰਤ ਅਤੇ ਚੀਨ ਵਿੱਚ 2020 ਵਿੱਚ ਗਲਵਾਨ ਵਾਦੀ ਸੰਘਰਸ਼ ’ਤੇ ਆਧਾਰਿਤ ਹੈ। ਖ਼ਾਨ ਦੀ ਫ਼ਿਲਮ ‘ਸਿਕੰਦਰ’ ਮਾਰਚ ਵਿੱਚ ਰਿਲੀਜ਼ ਹੋਈ ਸੀ। ਇਸ ਫ਼ਿਲਮ ਦਾ ਨਿਰਦੇਸ਼ਨ ਏ ਆਰ ਮੁਰਗਦਾਸ ਨੇ ਕੀਤਾ ਸੀ। ਇਸ ਵਿੱਚ ਸਲਮਾਨ ਨਾਲ ਰਸ਼ਮਿਕਾ ਮੰਦਾਨਾ, ਕਾਜਲ ਅਗਰਵਾਲ, ਪ੍ਰਤੀਕ ਸਮਿਤਾ ਪਾਟਿਲ ਅਤੇ ਅੰਜਨੀ ਧਵਨ ਵੀ ਹੈ। ਹੁਣ ਸਲਮਾਨ ਰਿਐਲਟੀ ਸ਼ੋਅ ‘ਬਿੱਗ ਬਾਸ 19’ ਦੀ ਮੇਜ਼ਬਾਨੀ ਕਰ ਰਿਹਾ ਹੈ। **-ਪੀਟੀਆਈ**

## ਬੱਚਿਆਂ ਦੇ ਕਹਿਣ ’ਤੇ ਮੁੜ ‘ਫਲਾਇੰਗ ਜੱਟ’ ਬਣੇ ਟਾਈਗਰ ਸ਼ਰਾਫ



**ਨਵੀਂ ਦਿੱਲੀ:** ਆਪਣੀ ਫਿਲਮ ‘ਏ ਫਲਾਇੰਗ ਜੱਟ’ ਦੇ ਸੁਪਰਹੀਰੋ ਦੀ ਭੂਮਿਕਾ ਵਿੱਚ ਬੌਲੀਵੁੱਡ ਅਦਾਕਾਰ ਟਾਈਗਰ ਸ਼ਰਾਫ ਕੈਂਸਰ ਨਾਲ ਜੂਝ ਰਹੇ ਬੱਚਿਆਂ ਨੂੰ ਮਿਲਣ ਪੁੱਜਿਆ। 35 ਸਾਲਾ ਅਦਾਕਾਰ ਨੇ ਇੰਸਟਾਗ੍ਰਾਮ ’ਤੇ ਇਸ ਸਬੰਧੀ ਵੀਡੀਓ ਆਪਣੇ ਪ੍ਰਸ਼ੰਸਕਾਂ ਲਈ ਸਾਂਝੀ ਕੀਤੀ ਹੈ। ਇਸ ਵਿੱਚ ਸ਼ਰਾਫ ‘ਕੈਂਸਰ ਪੇਸ਼ੇਂਟਜ਼ ਏਡਜ਼ ਐਸੋਸੀਏਸ਼ਨ’ ਦੇ ਸਹਿਯੋਗ ਨਾਲ ਇੱਕ ਪ੍ਰੋਗਰਾਮ ਵਿੱਚ ਬੱਚਿਆਂ ਨਾਲ ਗੱਲਬਾਤ ਕਰਦਾ ਦਿਖਾਈ ਦਿੰਦਾ ਹੈ। ਇਸ ਦੌਰਾਨ ਉਸ ਨੇ ਬੱਚਿਆਂ ਨੂੰ ਗੁਲਾਬ ਅਤੇ ਬੈਗ ਪੈਕ ਭੇਟ ਕੀਤੇ ਅਤੇ ਉਨ੍ਹਾਂ ਨਾਲ ਤਸਵੀਰਾਂ ਖਿਚਵਾਈਆਂ। ਇਸ ਦੌਰਾਨ ਬੱਚਿਆਂ ਦੀ ਮੰਗ ’ਤੇ ਉਸ ਨੂੰ ਦੁਬਾਰਾ ‘ਏ ਫਲਾਇੰਗ ਜੱਟ’ ਬਣਨਾ ਪਿਆ। ਸ਼ਰਾਫ਼ ਨੇ ਪੋਸਟ ਦੀ ਕੈਪਸ਼ਨ ਵਿੱਚ ਲਿਖਿਆ ਹੈ ਕਿ ਏ ਐੱਫ ਜੇ ਵੱਲੋਂ ਗੁਲਾਬ ਦਿਵਸ ਦੀਆਂ ਮੁਬਾਰਕਾਂ। ਸੰਨ 2016 ਵਿੱਚ ਬਣੀ ਇਸ ਫਿਲਮ ਦੇ ਨਿਰਦੇਸ਼ਕ ਅਤੇ ਲੇਖਕ ਰੈਮੋ ਡਿਸੂਜ਼ਾ ਨੇ ਇਸ ਸਬੰਧੀ ਪੋਸਟ ਸਾਂਝੀ ਕੀਤੀ ਹੈ। ਇਸ ਵਿੱਚ ਉਸ ਨੇ ਲਿਖਿਆ ਕਿ ਇਸੇ ਕਾਰਨ ਇਹ ਫ਼ਿਲਮ ਬਣਾਈ ਗਈ ਸੀ ਤਾਂ ਜੋ ਬੱਚਿਆਂ ਨੂੰ ਉਮੀਦ ਅਤੇ ਪ੍ਰੇਰਨਾ ਮਿਲ ਸਕੇ। ਫ਼ਿਲਮ ਵਿੱਚ ਜੈਕਲੀਨ ਫਰਨਾਂਡੇਜ਼ ਨੂੰ ਹੀਰੋ ਦੀ ਪ੍ਰੇਮਿਕਾ ਵਜੋਂ ਅਤੇ ਨਾਥਨ ਜੋਨਸ ਨੂੰ ਖਲਨਾਇਕ ਵਜੋਂ ਦਿਖਾਇਆ ਗਿਆ ਸੀ। ਟਾਈਗਰ ਸ਼ਰਾਫ ਦੀ ਹੁਣੇ ਜਿਹੇ ਫ਼ਿਲਮ ‘ਬਾਗੀ 4’ ਪੰਜ ਸਤੰਬਰ ਨੂੰ ਰਿਲੀਜ਼ ਹੋਈ ਸੀ। ਏ ਹਰਸ਼ਾ ਵੱਲੋਂ ਬਣਾਈ ਇਸ ਫ਼ਿਲਮ ਵਿੱਚ ਅਦਾਕਾਰ ਸੰਜੇ ਦੱਤ, ਹਰਨਾਜ਼ ਕੌਰ ਸੰਧੂ ਅਤੇ ਸੋਨਮ ਬਾਜਵਾ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ। **-ਪੀਟੀਆਈ**


### ਫਾਰਮ ਜੀ

**ਦਿਲਚਸਪੀ ਦੇ ਪ੍ਰਗਟਾਵੇ ਲਈ ਸੱਦਾ**

**ਮੈ. ਇੰਡੀਅਨ ਯਾਰਨ ਲਿਮਟਿਡ**

**ਲੁਧਿਆਣਾ, (ਪੰਜਾਬ) ਵਿਖੇ ਸੂਤ ਦੇ ਨਿਰਮਾਣ ਵਿਚ ਸੰਚਾਲਨ**

**(ਦੀਵਾਲੀਆਪਨ ਅਤੇ ਦੀਵਾਲੀਆਪਨ ਬੋਰਡ ਆਫ ਇੰਡੀਆ (ਕਾਰਪੋਰੇਟ ਵਿਅਕਤੀਆਂ ਲਈ ਦੀਵਾਲੀਆਪਨ ਹੱਲ ਪ੍ਰਕਿਰਿਆ) ਨਿਯਮ, 2016 ਦੇ ਨਿਯਮ 36A ਦੇ ਉਪ-ਨਿਯਮ (1) ਦੇ ਅਧੀਨ)**

**ਸਬੰਧਤ ਵੇਰਵੇ**

| | | |
|---|---|---|
| 1. | ਕਾਰਪੋਰੇਟ ਕਰਜ਼ਦਾਰ ਦਾ ਨਾਮ, ਪੈਨ ਅਤੇ ਸੀਆਈਐਨ/ ਐਲਐਲਪੀ ਨੰਬਰ ਦੇ ਨਾਲ | **ਮੈਸਰਜ਼ ਇੰਡੀਅਨ ਯਾਰਨ ਲਿਮਟਿਡ** **ਪੈਨ ਨੰਬਰ:- AAACI7110E** **ਸੀਆਈਐਨ: -U17111PB1991PLC023217** |
| 2. | ਰਜਿਸਟਰਡ ਦਫਤਰ ਦਾ ਪਤਾ | ਪਿੰਡ ਹਿਮਾਯੂੰਪੁਰ, 14 ਕਿਲੋਮੀਟਰ, ਲਾਲੜੂ ਹੰਡੇਸਰਾ ਰੋਡ, ਡਾਕਖਾਨਾ ਲਾਲੜੂ, ਜ਼ਿਲ੍ਹਾ ਐਸ.ਏ.ਐਸ. ਨਗਰ, ਮੁਹਾਲੀ-140501 |
| 3. | ਵੈੱਬਸਾਈਟ ਦਾ URL | NA |
| 4. | ਉਸ ਥਾਂ ਦੇ ਵੇਰਵੇ ਜਿੱਥੇ ਜ਼ਿਆਦਾਤਰ ਸਥਿਰ ਸੰਪਤੀਆਂ ਸਥਿਤ ਹਨ। | ਦੀਵਾਲੀਆਪਨ ਦੀ ਸ਼ੁਰੂਆਤ ਦੀ ਮਿਤੀ ’ਤੇ ਕੋਈ ਵੀ ਭੌਤਿਕ ਸੰਪਤੀ ਨਹੀਂ ਦੱਸੀ ਗਈ ਹੈ। |
| 5. | ਮੁੱਖ ਉਤਪਾਦਾਂ/ਸੇਵਾਵਾਂ ਦੀ ਸਥਾਪਿਤ ਸਮਰੱਥਾ | NA |
| 6. | ਪਿਛਲੇ ਵਿੱਤੀ ਸਾਲ ਵਿਚ ਵੇਚੇ ਗਏ ਮੁੱਖ ਉਤਪਾਦਾਂ/ਸੇਵਾਵਾਂ ਦੀ ਮਾਤਰਾ ਅਤੇ ਕੀਮਤ | ਅਪ੍ਰੇਸ਼ਨਾਂ ਤੋਂ 31.03.2025 ਨੂੰ ਕੰਪਨੀ ਦਾ ਕਾਰੋਬਾਰੀ ਟਰਨਓਵਰ ਬਿਲਕੁਲ ਨਹੀਂ ਸੀ। |
| 7. | ਕਰਮਚਾਰੀਆਂ/ਕਾਮਿਆਂ ਦੀ ਗਿਣਤੀ | ਮੁਅੱਤਲ ਬੋਰਡ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ, ਕੰਪਨੀ ਦੇ ਰੋਲ ’ਤੇ ਕੋਈ ਕਰਮਚਾਰੀ ਨਹੀਂ ਹੈ। |
| 8. | ਦੋ ਸਾਲਾਂ ਦੇ ਆਖਰੀ ਉਪਲੱਬਧ ਵਿੱਤੀ ਸਟੇਟਮੈਂਟਾਂ (ਸ਼ੈਡਿਊਲਾਂ ਦੇ ਨਾਲ), ਲੈਣਦਾਰਾਂ ਦੀਆਂ ਸੂਚੀਆਂ ਸਮੇਤ ਹੋਰ ਵੇਰਵੇ URL ’ਤੇ ਉਪਲੱਬਧ ਹਨ। | ਵੇਰਵੇ cirp.indianyarn@gmail.com ’ਤੇ ਈਮੇਲ ਕਰਕੇ ਮੰਗੇ ਜਾ ਸਕਦੇ ਹਨ। |
| 9. | ਕੋਡ ਦੀ ਧਾਰਾ 25(2) (h) ਦੇ ਤਹਿਤ ਪ੍ਰਸਤਾਵਤ ਬਿਨੈਕਾਰਾਂ ਲਈ ਯੋਗਤਾ URL ’ਤੇ ਉਪਲੱਬਧ ਹੈ। | ਵੇਰਵੇ cirp.indianyarn@gmail.com ’ਤੇ ਈਮੇਲ ਕਰਕੇ ਮੰਗੇ ਜਾ ਸਕਦੇ ਹਨ। |
| 10. | ਦਿਲਚਸਪੀ ਦੇ ਪ੍ਰਗਟਾਵੇ ਦੀ ਪ੍ਰਾਪਤੀ ਦੀ ਆਖਰੀ ਮਿਤੀ | 30.09.2025 |
| 11. | ਪ੍ਰਸਤਾਵਤ ਪ੍ਰਸਤਾਵ ਬਿਨੈਕਾਰਾਂ ਦੀ ਆਰਜੀ ਸੂਚੀ ਜਾਰੀ ਕਰਨ ਦੀ ਮਿਤੀ | 10.10.2025 |
| 12. | ਆਰਜੀ ਸੂਚੀ ’ਤੇ ਇਤਰਾਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ | 15.10.2025 |
| 13. | ਪ੍ਰਸਤਾਵਤ ਪ੍ਰਸਤਾਵ ਬਿਨੈਕਾਰਾਂ ਦੀ ਅੰਤਿਮ ਸੂਚੀ ਜਾਰੀ ਕਰਨ ਦੀ ਮਿਤੀ | 25.10.2025 |
| 14. | ਪ੍ਰਸਤਾਵਤ ਪ੍ਰਸਤਾਵ ਬਿਨੈਕਾਰਾਂ ਨੂੰ ਸੂਚਨਾ ਮੈਮੋਰੰਡਮ, ਮੁੱਲਾਂਕਣ ਮੈਟ੍ਰਿਕਸ ਅਤੇ ਨਿਪਟਾਰਾ ਯੋਜਨਾਵਾਂ ਲਈ ਬੇਨਤੀ ਜਾਰੀ ਕਰਨ ਦੀ ਮਿਤੀ | 30.10.2025 |
| 15. | ਰੈਜ਼ੋਲੂਸ਼ਨ ਪਲਾਨ ਜਮ੍ਹਾਂ ਕਰਨ ਦੀ ਆਖਰੀ ਮਿਤੀ | 29.11.2025 |
| 16. | ਦਿਲਚਸਪੀ ਦਾ ਪ੍ਰਗਟਾਵਾ ਜਮ੍ਹਾਂ ਕਰਨ ਲਈ ਈਮੇਲ ਆਈਡੀ | cirp.indianyarn@gmail.com |
| 17. | ਕਾਰਪੋਰੇਟ ਕਰਜ਼ਦਾਰ ਦੀ MSME ਵਜੋਂ ਰਜਿਸਟ੍ਰੇਸ਼ਨ ਸਥਿਤੀ ਦੇ ਵੇਰਵੇ | ਇਹ ਸੀਡੀ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ ਮੰਤਰਾਲੇ ਨਾਲ ਰਜਿਸਟਰਡ ਹੈ (ਉਦਯਮ ਰਜਿਸਟ੍ਰੇਸ਼ਨ ਨੰਬਰ **ਉਦਯਮ-ਪੀਬੀ-20-0000381)** |

**ਸਹੀ/- ਸੁਮਿਤ ਸ਼ਰਮਾ**
ਰੈਜ਼ੋਲਿਊਸ਼ਨ ਪ੍ਰੋਫੈਸ਼ਨਲ
ਇੰਡੀਅਨ ਯਾਰਨ ਲਿਮਟਿਡ
**IP ਰਜਿਸਟ੍ਰੇਸ਼ਨ ਨੰਬਰ:** IBBI/IPA-001/IP-P02323/2020-2021/13513
(ਅਸਾਈਨਮੈਂਟ ਲਈ ਅਧਿਕਾਰ: 31.12.2026 ਤੱਕ ਵੈਧ)
**ਰਜਿ. ਪਤਾ:** ਸੀ-3/69 ਏ, ਕੇਸ਼ਵ ਪੁਰਮ, ਉੱਤਰ ਪੱਛਮ, ਦਿੱਲੀ-110035
**ਰਜਿ. ਈਮੇਲ ਆਈਡੀ:** mail@sumitsharma.in
**ਪੱਤਰ ਵਿਹਾਰ ਦਾ ਪਤਾ:** 109 (ਪਹਿਲੀ ਮੰਜ਼ਿਲ), ਸੂਰਯਾ ਕਿਰਨ ਬਿਲਡਿੰਗ, 19, **ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ-110001**
**ਈਮੇਲ:** cirp.indianyarn@gmail.com

**ਮਿਤੀ:** 15.09.2025
**ਸਥਾਨ:** ਨਵੀਂ ਦਿੱਲੀ